**CLASS-XII**

# DRAWING AND PAINTING
# ਡਰਾਇੰਗ ਅਤੇ ਚਿੱਤਰਕਲਾ

**ਸਮਾਂ:8 ਘੰਟੇ** | **ਪ੍ਰਯੋਗੀ: 90 ਅੰਕ**

**INA: 10 ਅੰਕ**

**ਕੁੱਲ: 100 ਅੰਕ**

**ਨੋਟ: ਇਹ ਪੇਪਰ ਪੂਰਨ ਪ੍ਰਯੋਗੀ ਹੈ ਅਤੇ ਪ੍ਰਯੋਗੀ ਪ੍ਰੀਖਿਅਕ ਰਾਹੀਂ ਬੋਰਡ ਵੱਲੋਂ ਨਿਯਤ ਡੇਟਸ਼ੀਟ ਅਨੁਸਾਰ ਲਿਆ ਜਾਵੇਗਾ।**

| | **ਸਮਾਂ** | **ਸ਼ੈਸ਼ਨ** |
|---|---|---|
| ਪਹਿਲਾ ਪੇਪਰ | 4 ਘੰਟੇ | ਸਵੇਰ |
| ਦੂਜਾ ਪੇਪਰ | 4 ਘੰਟੇ | ਸ਼ਾਮ |

1. ਇਹ ਪੇਪਰ ਪ੍ਰਯੋਗੀ ਡੇਟਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਪਹਿਲਾਂ ਸਵੇਰ ਦੇ ਸੈਸ਼ਨ ਵਿੱਚ ਸਕੈੱਚਿੰਗ, ਫੁੱਲਾਂ ਦੀ ਚਿੱਤਰਕਾਰੀ , ਡਿਜ਼ਾਈਨ ਦਾ ਪੇਪਰ ਲਿਆ ਜਾਵੇਗਾ। ਇਸਦਾ ਸਮਾਂ ਚਾਰ ਘੰਟੇ ਹੋਵੇਗਾ। ਕੋਈ ਇੱਕ ਪ੍ਰਸ਼ਨ ਕਰਨਾ ਹੋਵੇਗਾ । ਇਸਦੇ 38 ਅੰਕ ਹੋਣਗੇ।

2. ਸ਼ਾਮ ਦੇ ਸੈਸ਼ਨ ਵਿੱਚ ਮਾਡਲ ਡਰਾਇੰਗ (Still Life)ਦਾ ਪੇਪਰ ਹੋਵੇਗਾ। ਮਾਡਲ ਪ੍ਰਯੋਗੀ ਪ੍ਰੀਖਿਅਕ ਵੱਲੋਂ ਸੈੱਟ ਕੀਤਾ ਜਾਵੇਗਾ। ਮਾਡਲ ਦੇ ਪਿੱਛੇ ਡਰਾਪਰੀ(ਪਰਦਾ) ਸੈੱਟ ਕੀਤੀ ਜਾਵੇਗੀ। ਮਾਡਲ ਦਾ ਸਮਾਨ ਕੇਂਦਰ ਕੰਟਰੋਲਰ ਵੱਲੋਂ ਉਪਲੱਬਧ ਕਰਵਾਇਆ ਜਾਵੇਗਾ। ਇਸਦਾ ਸਮਾਂ ਚਾਰ ਘੰਟੇ ਹੋਵੇਗਾ। ਇਸਦੇ 38 ਅੰਕ ਹੋਣਗੇ।

3. ਵਿਚਕਾਰ ਇੱਕ ਘੰਟੇ ਦੇ ਸਮੇਂ ਵਿੱਚ ਪ੍ਰਯੋਗੀ ਪ੍ਰੀਖਿਅਕ, ਪ੍ਰੀਖਿਆਰਥੀ ਦੇ ਸੈਸ਼ਨਲ ਕੰਮ ਦਾ ਮੁਲਾਂਕਣ ਕਰੇਗਾ । ਇਸਦੇ 14 ਅੰਕ ਹੋਣਗੇ। ਪ੍ਰੀਖਿਅਕ ਕੀਤੇ ਕੰਮ ਅਨੁਸਾਰ ਅੰਕ ਦੇਵੇਗਾ।

4. ਸਾਰੇ ਪੇਪਰ ਦਾ ਮੁਲਾਂਕਣ ਕਰਕੇ ਪ੍ਰਯੋਗੀ ਪ੍ਰੀਖਿਅਕ ਨੰਬਰ ਸੂਚੀਆਂ ਸਬੰਧਤ ਅਧਿਕਾਰੀ ਨੂੰ ਆਪਣੇ ਹਸਤਾਖਰ ਕਰਕੇ ਭੇਜੇਗਾ।

**ਨੋਟ:- ਡਰਾਇੰਗ ਸ਼ੀਟਾਂ ਅਤੇ ਪੇਂਟਿੰਗ ਦਾ ਹੋਰ ਸਾਰਾ ਸਮਾਨ ਪ੍ਰੀਖਿਆਰਥੀ ਖੁਦ ਲੈ ਕੇ ਆਵੇਗਾ।**